# 'ਰੇਤ' ਨਾਵਲ ਵਿਚ ਮਨੁੱਖੀ ਰਿਸ਼ਤਿਆਂ ਦਾ ਦਵੰਦ

ਡਾ. ਇਕਬਾਲ ਸਿੰਘ ਸੰਧੂ*

ਹਰਜੀਤ ਅਟਵਾਲ ਆਧੁਨਿਕ ਪੰਜਾਬੀ ਸਾਹਿਤ ਵਿਚ ਜਾਣਿਆ-ਪਛਾਣਿਆ ਅਤੇ ਸਥਾਪਿਤ ਗਲਪਕਾਰ ਹੈ। ਹੋਰਨਾਂ ਪਰਵਾਸੀ ਲੇਖਕਾਂ ਵਾਂਗ ਹਰਜੀਤ ਅਟਵਾਲ ਨੇ ਬਰਤਾਨੀਆ ਵਿਚ ਰਹਿ ਕੇ ਪਰਵਾਸ ਦੇ ਅਨੁਭਵ ਨੂੰ ਪਿੰਡੇ 'ਤੇ ਹੰਢਾਇਆ ਹੈ। ਇਸੇ ਕਰਕੇ ਉਸਦੇ ਨਾਵਲ ਪਰਵਾਸੀ ਜੀਵਨ ਦੇ ਵਿਭਿੰਨ ਸਰੋਕਾਰਾਂ ਨਾਲ ਜੁੜੇ ਹੋਏ ਹਨ। ਮਨੁੱਖ ਦੀਆਂ ਲੋੜਾਂ ਦੇ ਨਾਲ-ਨਾਲ ਉਸ ਦੀਆਂ ਅਨੇਕਾਂ ਇੱਛਾਵਾਂ ਵੀ ਹੁੰਦੀਆਂ ਹਨ। ਇਨ੍ਹਾਂ ਦੀ ਪੂਰਤੀ ਦੇ ਸਾਧਨ ਸੀਮਤ ਹੁੰਦੇ ਹਨ। ਜਿਸ ਕਰਕੇ ਮਨੁੱਖ ਨੂੰ ਕਈ ਵਾਰ ਦਵੰਦ ਦਾ, ਮਾਨਸਿਕ ਕਲੇਸ਼ ਦਾ ਸਾਹਮਣਾ ਕਰਨਾ ਪੈਂਦਾ ਹੈ। ਦਵੰਦ ਤਣਾਉ ਦਾ ਹੀ ਮੂਲ ਸੋਮਾ ਹੈ। ਮਨੁੱਖੀ ਰਿਸ਼ਤਿਆਂ ਵਿਚ ਦਵੰਦ ਦਾ ਸੰਕਲਪ ਦਾ ਵਿਸ਼ੇਸ਼ ਮਹੱਤਵ ਹੈ। ਦਵੰਦ ਉਸ ਸਥਿਤੀ 'ਚੋਂ ਪੈਦਾ ਹੁੰਦਾ ਹੈ ਜਦੋਂ ਦੋ ਪਰਸਪਰ ਵਿਰੋਧੀ ਇੱਛਾਵਾਂ ਇਕੋਂ ਵੇਲੇ ਸਾਹਮਣੇ ਆ ਜਾਂਦੀਆਂ ਹਨ। ਹਾਲਾਤ ਅਨੁਸਾਰ ਉਨ੍ਹਾਂ ਵਿਚੋਂ ਕਿਸੇ ਇਕ ਦੀ ਹੀ ਪੂਰਤੀ ਹੋਣੀ ਸੰਭਵ ਹੁੰਦੀ ਹੈ। ਹਰਜੀਤ ਅਟਵਾਲ ਦਾ ਨਾਵਲ 'ਰੇਤ' ਪਰਵਾਸੀ ਦੀ ਵਿਡੰਬਨਾ ਦੀ ਆਧਾਰ ਭੂਮੀ 'ਤੇ ਟਿਕਿਆ ਹੋਇਆ ਹੈ। ਇਸ ਨਾਵਲ ਵਿਚ ਵਿਦੇਸ਼ਾਂ ਵਿਚ ਵਸਦੇ ਪਰਵਾਸੀ ਪੰਜਾਬੀਆਂ ਦੇ ਮਾਨਵੀ ਅਤੇ ਪਰਿਵਾਰਕ ਰਿਸ਼ਤਿਆਂ ਦੀਆਂ ਸਾਂਝਾਂ ਨੂੰ ਨਾਵਲ ਵਿਚ ਚਿਤਰਿਆ ਗਿਆ ਹੈ ਅਤੇ ਭਾਰਤੀ ਔਰਤ-ਮਰਦ ਦੀਆਂ ਪਰਿਵਾਰਕ ਸਾਝਾਂ ਪੂੰਜੀ ਅਤੇ ਬਾਜ਼ਾਰ ਦੁਆਲੇ ਘੁੰਮਣ ਲੱਗੀਆਂ ਹਨ। ਪਰਵਾਸੀ ਪੰਜਾਬੀਆਂ ਦੇ ਜ਼ਿਹਨ ਵਿਚ ਸਾਮੰਤੀ ਵਿਚਾਰਧਾਰਾ ਅੱਜ ਵੀ ਕਾਇਮ ਹੈ। ਉਹ ਬਾਜ਼ਾਰ ਦੀਆ ਸਹੂਲਤਾਂ ਨੂੰ ਤਾਂ ਮਾਨਣਾ ਚਾਹੁੰਦੇ ਹਨ, ਪ੍ਰੰਤੂ ਰੂੜੀਵਾਦੀ ਵਿਚਾਰਾਂ ਨੂੰ ਛੱਡ ਨਹੀਂ ਸਕਦੇ। ਆਪਣੇ ਅੱਖੜ ਸੁਭਾਅ ਕਰਕੇ ਨਵੇਂ ਅਤੇ ਵਿਕਾਸਮੁਖੀ ਵਿਚਾਰਾਂ ਨੂੰ ਆਪਣਾ ਨਹੀਂ ਸਕਿਆ। ਇਹ ਆਪਣੇ ਬੱਚਿਆਂ ਨੂੰ ਅਤੇ ਪੰਜਾਬੀ ਸੱਭਿਆਚਾਰ ਜਬਰਦਸਤੀ ਥੋਪਦੇ ਹਨ। ਨਾਵਲਕਾਰ ਨੇ ਨਾਵਲ ਰਾਹੀਂ ਪੂਰਬੀ ਅਤੇ ਪੱਛਮੀ ਦੋਹਾਂ ਸੰਸਕ੍ਰਿਤੀਆਂ ਵਿਚ ਮਨੁੱਖੀ ਰਿਸ਼ਤਿਆਂ ਵਿਚ ਪੈਦਾ ਹੋ ਰਹੀਆਂ ਤ੍ਰਾਸਦਿਕ ਸਥਿਤੀਆਂ ਨੂੰ ਪੇਸ਼ ਕੀਤਾ ਹੈ। ਰਵੀ-ਕੰਵਲ, ਰਵੀ-ਬੀਟਰਸ, ਰਵੀ-ਕਿਰਨ, ਕੰਵਲ-ਐਂਡੀ, ਕੰਵਲ-ਹੈਰੀ, ਕਿਰਨ-ਜਮੀਲ, ਤਰਸੇਮ ਫੱਕਰ-ਜੀਤੀ, ਤਰਸੇਮ ਫੱਕਰ-ਕੈਥੀ, ਮੱਖਣ-ਮੈਰੀ, ਪ੍ਰਿਤਪਾਲ-ਸ਼ੈਰਨ, ਮਹਿੰਦਰ-ਨੀਤਾਂ,ਭਗਵੰਤ-ਸ਼ਮਿੰਦਰਜੀਤ ਆਦਿ ਪਾਤਰ ਆਪਸੀ ਰਿਸ਼ਤਿਆਂ ਨੂੰ ਚਾਹੁੰਦੇ ਹੋਏ ਵੀ ਬਣਾਈ ਰੱਖਣ ਵਿਚ ਕਾਮਯਾਬ ਨਹੀਂ ਹੁੰਦੇ। ਇਸ ਸਬੰਧੀ ਡਾ. ਸਿੰਘ ਦਾ ਮਤ ਹੈ:

> ਇਨ੍ਹਾਂ ਪਾਤਰਾਂ ਦੀ ਆਪੋ ਆਪਣੀ ਸਥਿਤੀ ਅਤੇ ਮਾਨਸਿਕਤਾ ਹੈ ਅਤੇ ਇਹ ਇਕ ਦੂਸਰੇ ਨਾਲ ਪਿਆਰ, ਨਫ਼ਰਤ, ਕਾਮਨਾ, ਲਾਲਸਾ, ਬੇਰੁਖੀ ਦੀਆਂ ਗੁੰਝਲਦਾਰ ਤੰਦਾਂ ਵਿਚ ਬੱਝੇ ਹੋਏ ਹਨ ਅਤੇ ਸੁਚੇਤ ਅਚੇਤੀ ਰਿਸ਼ਤਿਆਂ ਦੀ ਰਾਜਨੀਤੀ ਵਿਚ ਉਲਝ ਜਾਂਦੇ ਹਨ ਅਤੇ ਅਲਗਾਉ ਦੀ ਅਮੋੜ ਸਥਿਤੀ ਉੱਤੇ ਅੱਪੜ ਜਾਂਦੇ ਹਨ।1

ਇਨ੍ਹਾਂ ਵਿਚੋਂ ਕਈ ਪਾਤਰ ਵਿਆਹੁਤਾ ਜੀਵਨ ਦੇ ਨਾਲ-ਨਾਲ ਆਪਣੀ ਕਾਮ ਪੂਰਤੀ ਜਾਂ ਅਸੁਰੱਖਿਅਤਾ ਕਾਰਨ ਨਜਾਇਜ਼ ਸੰਬੰਧਾਂ ਵਿਚ ਉਲਝੇ ਦਿਖਾਈ ਦਿੰਦੇ ਹਨ। ਜਿਸ ਕਾਰਨ ਵਿਆਹੁਤਾ ਜੀਵਨ ਵਿਚ ਸੰਕਟ ਪੈਦਾ ਹੋ ਜਾਂਦਾ ਹੈ।

ਪਰਵਾਸੀ ਪੰਜਾਬੀ ਮਰਦ ਵਿਚ ਅੱਜ ਵੀ ਜੱਟ ਹਾਊਮੈਂ ਅਤੇ ਕਬਜ਼ੇ ਦੀ ਭਾਵਨਾ ਹਾਵੀ ਹੈ, ਜਿਸ ਕਾਰਨ ਉਹ ਸੰਤਾਪ ਭੋਗਦੇ ਹਨ। ਇਹ ਹਉਮੈਂ ਪੰਜਾਬੀ ਸਾਕਾਦਾਰੀ ਪ੍ਰਬੰਧ ਨੂੰ ਕਲੰਕਿਤ ਕਰਦੀ ਹੈ, ਪਰਿਵਾਰਕ ਜੀਵਨ ਵਿਚ ਉਥਲ-ਪੁਥਲ ਪੈਦਾ ਕਰਦੀ ਹੈ। ਨਾਵਲ ਵਿਚ ਉਸ ਸਮੇਂ ਤੱਕ ਕੋਈ ਤਣਾਉ ਜਾਂ ਸਮੱਸਿਆਂ ਪੈਦਾ ਨਹੀਂ ਹੁੰਦੀ ਜਦੋਂ ਤਕ ਰਵੀ ਆਪਣੀ ਸੁਤੰਤਰ ਹੋਂਦ ਸਥਾਪਿਤ ਨਹੀਂ ਕਰਦਾ। ਪਤੀ-ਪਤਨੀ ਦੇ ਰਿਸ਼ਤੇ ਵਿਚ ਦਵੰਦ ਉਦੋਂ ਉਤਪੰਨ ਹੁੰਦਾ ਹੈ ਜਦੋਂ ਰਵੀ ਆਪਣੇ ਸਹੁਰੇ ਘਰ ਤੋਂ ਆਰਥਿਕ ਆਜ਼ਾਦੀ ਪ੍ਰਾਪਤ ਕਰਨ ਲੱਗਦਾ ਹੈ। ਰਵੀ ਦੀ ਮਾਨਸਿਕਤਾ ਦਾ ਇਹ ਤੱਥ ਅਚੇਤ ਹੀ ਹਿੱਸਾ ਬਣਿਆ ਨਜ਼ਰ ਆਉਂਦਾ ਹੈ ਕਿ ਕੰਵਲ ਦਾ ਡੈਡੀ ਉਨ੍ਹਾਂ ਪਤੀ-ਪਤਨੀ ਦੀ ਜ਼ਿੰਦਗੀ ਵਿਚ ਦਖਲ ਅੰਦਾਜ਼ੀ ਕਰਦਾ ਹੈ। ਕੰਵਲ ਨਾਲ ਹੋਏ ਤਲਾਕ ਦਾ ਦੋਸ਼ ਵੀ ਆਪਣੇ ਸਹੁਰੇ ਸਿਰ ਮੜ੍ਹਦਾ ਹੈ। ਇਸ ਨਫ਼ਰਤ ਨੂੰ ਉਹ ਨਾਵਲ ਵਿਚ ਥਾਂ-ਥਾਂ ਤੇ ਜਾਹਰ ਕਰਦਾ ਹੈ:

> ਤੇਰੇ ਪਿਉ ਕੰਜਰ ਨੂੰ ਵੀ ਸੌਰੀ ਕਹਿ ਦਿੰਨਾਂ ?2

ਦੂਜੇ ਪਾਸੇ ਕੰਵਲ ਦਾ ਡੈਡੀ ਰਵੀ ਨੂੰ ਜਵਾਈ ਨਾਲੋਂ ਗੁਲਾਮ ਬਣਾਉਣ ਦਾ ਜ਼ਿਆਦਾ ਚਾਹਵਾਨ ਹੈ। ਉਹ ਚਾਹੁੰਦਾ ਹੈ ਕਿ ਰਵੀ ਕੰਵਲ ਦੀ ਹੋਂਦ ਨੂੰ ਆਪਣੇ ਬਰਾਬਰ ਸਮਝੇ। ਜਵਾਈ ਤੋਂ ਉਹ ਪੱਛਮੀ ਮੁੱਲ ਅਨੁਸਾਰ ਧੀ ਪ੍ਰਤੀ ਬਰਾਬਰੀ ਦਾ ਅਧਿਕਾਰ ਚਾਹੁੰਦਾ ਹੈ ਪਰ ਆਪ ਆਪਣੀ ਪਤਨੀ ਨੂੰ ਸਾਰੀ ਉਮਰ ਦਬਾਅ ਕੇ ਰੱਖਦਾ ਹੈ। ਉਹ ਜਵਾਈ ਨਾਲ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ ਉਸਦੀ ਜੱਟ ਹਉਮੈਂ ਸਪਸ਼ਟ ਦਿਖਾਈ ਦਿੰਦੀ ਹੈ;

> ਮੇਰਾ ਨਾਂ ਅਮਰੀਕ ਸਿੰਘ ਗਿੱਲ ਏ, ਮੈਂ ਅੱਜ ਤੱਕ ਕਿਸੇ ਤੋਂ ਓਏ ਨਹੀਂ ਅਖਵਾਈ, ਇਹ ਜਿੱਥੇ ਧੱਕੇ ਖਾਂਦਾ ਏ ਖਾਵੇ, ਗਲਤ ਪਾਸੇ ਜਾਵੇ ਜਾਂ ਸਹੀ ਪਾਸੇ, ਮੈਨੂੰ ਪਰਵਾਹ ਨਹੀਂ।3

ਇਸ ਪੂਰਤੀ ਲਈ ਉਸਨੂੰ ਧੀ ਦੇ ਘਰ ਤਬਾਹ ਹੋਣ ਦਾ ਫਿਕਰ ਨਹੀਂ। ਰਵੀ ਸੁਚੇਤ ਰੂਪ ਵਿਚ ਆਦਰਸ਼ਕ ਪਤੀ ਬਣਨ ਦਾ ਯਤਨ ਕਰਦਾ ਹੋਇਆ ਅਚੇਤ ਰੂਪ ਵਿਚ ਭਾਰਤੀ ਪਤੀ ਵਾਲਾ ਹੱਕ ਕੰਵਲ ਉੱਤੇ ਜਤਾ ਬੈਠਦਾ ਹੈ। ਕੰਵਲ ਇੰਗਲੈਂਡ ਵਿਚ ਪਲੀ ਤੇ ਪ੍ਰਵਾਨ ਚੜ੍ਹੀ ਹੋਣ ਕਾਰਨ ਵਧੇਰੇ ਮਾਡਰਨ ਹੈ। ਉਹ ਪਤੀ ਦੀ ਹਿੰਸਕ ਰੁਚੀ ਅੱਗੇ ਝੁਕਣ ਦੀ ਬਜਾਏ ਮੁਕਾਬਲਾ ਕਰਦੀ ਹੈ। ਰਵੀ ਨੂੰ ਇਸ ਦਾ ਖਾਮਿਆਜ਼ਾ ਤਲਾਕ ਦੇ ਰੂਪ ਵਿਚ ਭੁਗਤਣਾ ਪੈਂਦਾ ਹੈ। ਉਹ ਦੋਵੇਂ ਚਾਹੁੰਦੇ ਹੋਏ ਵੀ ਮਹੁੱਬਤੀ ਰਿਸ਼ਤੇ ਨੂੰ ਸਾਲਮ ਸਬੂਤਾ ਨਹੀਂ ਰੱਖ ਸਕੇ। ਉਹ ਆਪਣੀ ਆਰੰਭਿਕ ਮਾਨਸਿਕਤਾ ਨੂੰ ਇੰਝ ਪ੍ਰਗਟਾਉਂਦੀ ਹੈ:

> ਰਵੀ ਆਇਆ ਤਾਂ ਸਾਰੇ ਘਰ ਵਿਚ ਮਹਿਕ ਭਰ ਗਈ,
>
> ਰਵੀ ਕੰਮ ਤੋਂ ਕਦੇ ਜੀਅ ਨਹੀਂ ਸੀ ਕਤਾਰਉਂਦਾ।4

ਮਰਦ ਅਤੇ ਔਰਤ ਇਕ ਦੂਜੇ ਦੇ ਪੂਰਕ ਹਨ। ਇਨ੍ਹਾਂ ਦੋਹਾਂ ਦੇ ਪਰਸਪਰ ਮੇਲ ਨਾਲ ਮਨੁੱਖੀ ਪੀੜ੍ਹੀਆਂ ਦਾ ਵਿਕਾਸ ਕ੍ਰਮ ਚਲ ਰਿਹਾ ਹੈ। ਇਸ ਖੂਬਸੂਰਤ ਰਿਸ਼ਤੇ ਸੰਬੰਧੀ ਸੂਫੀ ਅਮਰਜੀਤ ਲਿਖਦਾ ਹੈ:

> ਪਰਿਵਾਰ ਅਤੇ ਸਮਾਜ ਦੇ ਸਭਿਆਚਾਰਕ ਜੀਵਨ ਨੂੰ ਨਾ ਇਕੱਲਾ ਪੁਰਸ਼ ਅਤੇ ਨਾ ਹੀ ਇਕੱਲੀ ਇਸਤਰੀ ਸਿਰਜ ਸਕਦੀ ਹੈ। ਇਸ ਵਿਚ ਦੋਹਾਂ ਦੇ ਸਾਂਝੇ ਯੋਗਦਾਨ ਦੀ ਮਹੱਤਤਾ ਹੈ। ਇਕ ਦੀ ਅਣਹੋਂਦ ਦੂਸਰੇ ਲਈ ਉਦਾਸੀ ਅਤੇ ਉਪਾਰਮਤਾ ਦਾ ਕਾਰਨ ਬਣਦੀ ਹੈ।5

ਰਵੀ ਦੇ ਕੰਵਲ ਨਾਲ ਤਲਾਕ ਹੋਣ ਤੇ ਇਕੱਲਤਾ, ਬੇਗਾਨਗੀ, ਨਿਮਰਤਾ ਤੇ ਭਟਕਣ ਨੇ ਉਸਨੂੰ ਗੋਰੀ ਬੀਟਰਸ ਤੱਕ ਪਹੁੰਚਾ ਦਿੱਤਾ। ਤਰਸੇਮ ਫੱਕਰ ਆਪਣੀ ਪਤਨੀ ਜੀਤੀ ਨੂੰ ਛੱਡ ਕੇ ਕੈਥੀ ਵੱਲ ਝੁਕਦਾ ਹੈ। ਸਕੌਇਸ਼ ਪੈਰੀ ਚਾਰ ਬੱਚਿਆਂ ਦੀ ਮਾਂ, ਮੱਖਣ ਨੂੰ ਪਤੀ ਬਣਾਉਂਦੀ ਹੈ। ਮਨੁੱਖ ਕਈ ਵਾਰ ਸਮਾਜ ਵਲੋਂ ਅਪ੍ਰਵਾਨਿਤ ਰਿਸ਼ਤਿਆਂ ਨੂੰ ਜੋੜਨ ਦੀ ਕੋਸ਼ਿਸ਼ ਕਰਦਾ ਹੈ ਪਰ ਸਮਾਜ ਵਿਚ ਅਸੀਂ ਕਿਸੇ ਮਰਿਯਾਦਾ ਅੰਦਰ ਰਹਿ ਕੇ ਹੀ ਜਿਨਸੀ ਸੰਬੰਧ ਜੋੜ ਸਕਦੇ ਹਾਂ, ਜੋ ਸਮਾਜ ਵਲੋਂ ਪ੍ਰਵਾਨਿਤ ਹੋਣਾ, ਮਨੁੱਖ ਜਦੋਂ ਮਨਚਾਹੇ ਰਿਸ਼ਤੇ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸਮਾਜਿਕ ਰਿਸ਼ਤਿਆਂ ਵਿਚ ਦਵੰਦ ਅਤੇ ਫਿੱਕ ਪੈਦਾ ਹੋ ਜਾਂਦੀ ਹੈ। ਰਵੀ ਦੂਜਾ ਵਿਆਹ ਕਿਰਨ ਨਾਲ ਕਰਵਾਉਂਦਾ ਹੈ ਪਰ ਉਹ ਕਿਰਨ ਅਤੇ ਕੰਵਲ ਨੂੰ ਦੋ ਵੱਖ-ਵੱਖ ਘਰਾਂ ਵਿਚ ਪਤਨੀਆਂ ਵਾਂਗ ਰੱਖ ਕੇ ਰਿਸ਼ਤਿਆਂ ਦੀ ਕੁਦਰਤੀ ਅਤੇ ਪ੍ਰਵਾਨਿਤ ਮਰਿਯਾਦਾ ਤੋੜਨੀ ਚਾਹੁੰਦਾ ਹੈ। ਦੋ ਤੀਵੀਆਂ ਰੱਖਣ ਦੀ ਇੱਛਾ ਸਾਮੰਤੀ ਭਾਵ ਸੰਸਕਾਰ ਹੈ, ਜੋ ਰਵੀ ਵਿਚ ਮੌਜੂਦ ਹੈ। ਉਹ ਬੀਟਰਸ ਨੂੰ ਵੀ ਛੱਡਣਾ ਨਹੀਂ ਚਾਹੁੰਦਾ। ਇਨ੍ਹਾਂ ਉਲਝਣਾਂ ਦੀ ਨਵਿਰਤੀ ਲਈ ਉਹ ਸ਼ਰਾਬ ਦਾ ਸਹਾਰਾ ਲੈਂਦਾ ਹੈ ਪ੍ਰੰਤੂ ਇਨ੍ਹਾਂ ਅਲਾਮਤਾਂ ਤੋਂ ਪੈਦਾ ਹੋਇਆ ਤਣਾਉ ਘਟਣ ਦੀ ਬਜਾਏ ਹੋਰ ਵਧਣਾ ਸ਼ੁਰੂ ਹੋ ਜਾਂਦਾ ਹੈ। ਕੰਵਲ ਗੋਰੇ ਐਂਡੀ ਨਾਲ ਰਹਿਣ ਲੱਗ ਜਾਂਦੀ ਹੈ। ਕਿਰਨ ਪਤੀ ਦੇ ਲੱਛਣ ਦੇਖਕੇ ਪਾਕਿਸਤਾਨੀ ਮਰਦ ਵੱਲ ਆਕਰਸ਼ਿਤ ਹੋ ਜਾਂਦੀ ਹੈ। ਇਨ੍ਹਾਂ ਪਰੇਸ਼ਾਨੀਆਂ ਦਾ ਰਵੀ ਦੇ ਮਨ 'ਤੇ ਬੁਰਾ ਅਸਰ ਪੈਂਦਾ ਹੈ ਅਤੇ ਉਸਨੂੰ ਹਾਰਟ ਅਟੈਕ ਹੋ ਜਾਂਦਾ ਹੈ।

ਇਸ ਨਾਵਲ ਸੰਬੰਧੀ ਡਾ. ਮਾਨ ਸਿੰਘ ਢੀਂਡਸਾ ਲਿਖਦਾ ਹੈ:

> ਇਸ ਨਾਵਲ ਵਿਚ ਔਰਤ-ਮਰਦ ਦੇ ਸੰਬੰਧਾਂ ਦੇ ਸਿਰਜਣ ਰਾਹੀਂ ਮਨੁੱਖ ਦੀ ਕਾਮ ਬਿਰਤੀ, ਅਸੁੱਰਖਿਅਤਾ ਅਤੇ ਖੁਦਗਰਜ਼ੀ ਨੂੰ ਮਨੁੱਖੀ ਰਿਸ਼ਤੀਆਂ ਦੇ ਆਧਾਰ ਦੇ ਰੂਪ ਵਿਚ ਸਿਰਜਿਆਂ ਗਿਆ ਹੈ। ਇਨ੍ਹਾਂ ਭਾਵਨਾਵਾਂ ਦੀ ਪੂਰਤੀ ਲਈ ਹੀ ਸਮਾਜ ਵਿਆਹ ਸੰਸਥਾਵਾਂ ਦੀ ਸਿਰਜਣਾ ਕਰਦਾ ਹੈ ਅਤੇ ਇਹੋ ਭਾਵਨਾਵਾਂ ਇਨ੍ਹਾਂ ਸੰਸਥਾਵਾਂ ਦੇ ਮੇਚ ਨਾ ਆ ਕੇ ਮਨੁੱਖੀ ਸੰਕਟ ਨੂੰ ਪੈਦਾ ਕਰਦੀਆਂ ਹਨ।6

ਹਰ ਪਰਵਾਸੀ ਪੰਜਾਬੀ ਦੀ ਔਲਾਦ ਪੱਛਮੀ ਰੰਗ ਵਿਚ ਰੰਗੀ ਗਈ ਹੈ। ਮਾਪਿਆਂ ਕੋਲ ਸਮੇਂ ਦੀ ਘਾਟ ਕਾਰਨ ਉਹ ਆਪਣੇ ਬੱਚਿਆਂ ਵੱਲ ਲੋੜੀਂਦਾ ਧਿਆਨ ਨਹੀਂ ਦਿੰਦੇ। ਬੱਚੇ ਇਸ ਪਿਆਰ ਵਿਹੂਣੀ ਜ਼ਿੰਦਗੀ 'ਚ ਨਿਰਮੋਹੇ ਹੋ ਜਾਂਦੇ ਹਨ। ਪਿਆਰ ਦੀ ਇਕ ਰਿਸ਼ਮ ਭਾਲਣ ਲਈ ਦੋਸਤਾਂ-ਮਿੱਤਰਾਂ ਦੇ ਘੇਰੇ 'ਚ ਗੁਆਚਣ ਲੱਗਦੇ ਹਨ। ਅੰਤ ਦੋਵੇਂ ਧਿਰਾਂ ਇਕੱਲਤਾਂ, ਬੇਗਾਨਗੀ ਭੋਗਦੀਆਂ ਹਨ। ਇਸ ਨਾਵਲ ਵਿਚ ਰਾਣੀ ਚੱਢਾ ਦੇ ਦੋਵੇਂ ਪੁੱਤਰ ਘਰੋਂ ਬਾਹਰ ਰਹਿੰਦੇ ਹਨ। ਵੱਡੇ ਪੁੱਤਰ ਗੈਰੀ ਨੇ ਆਪਣੇ ਵਿਆਹ 'ਚ ਮਾਂ ਨੂੰ ਸ਼ਾਮਲ ਵੀ ਨਹੀਂ ਕੀਤਾ। ਪੱਛਮ ਵਿਚ ਮਾਪਿਆਂ ਦੇ ਤਲਾਕ ਦਾ ਵੀ

ਬੱਚਿਆਂ ’ਤੇ ਗੰਭੀਰ ਅਸਰ ਪੈਂਦਾ ਹੈ ਜਿਵੇਂ ਰਵੀ ਤੇ ਕੰਵਲ ਦੇ ਤਲਾਕ ਹੋਣ ਕਾਰਨ ਉਨ੍ਹਾਂ ਦੀ ਬੇਟੀ ਪ੍ਰਤਿਭਾ ਦਾ ਪਿਤਾ ਤੋਂ ਵਿਸ਼ਵਾਸ ਉੱਠ ਜਾਂਦਾ ਹੈ।

ਪੱਛਮੀ ਰਿਸ਼ਤੇ ਬਹੁਤ ਹੀ ਟੇਢੇ ਅਤੇ ਪੇਚੀਦਾ ਬਿਰਤੀ ਦੇ ਲਖਾਇਕ ਹਨ। ਜਿਨ੍ਹਾਂ ਨੂੰ ਸਮਝਣਾ ਕਠਿਨ ਹੈ। ਇਸ ਪੂੰਜੀਵਾਦੀ ਮੁਲਕ ਵਿਚ ਮਨੁੱਖ ਇਕ ਦੂਜੇ ਨੂੰ ਆਪਣੇ ਨਿੱਜੀ ਹਿੱਤਾ ਲਈ ਵਰਤ ਦੇ ਹਨ। ਇਸ ਸਮਾਜ ਵਿਚ ਪੈਸਾ ਹੀ ਸਭ ਕੁਝ ਹੈ। ਜਿਵੇਂ ਕੰਵਲ, ਰਵੀ ਤੋਂ ਪੈਸਾ ਬਟੋਰਨ ਲਈ ਆਪਣੀ ਬੇਟੀ ਨੂੰ ਹਥਿਆਰ ਵਾਂਗ ਵਰਤਦੀ ਹੈ:

> ਦੈਨ ਗਿਵ ਅਸ ਮਨੀ
>
> ਤੈਨੂੰ ਮਨੀ ਤੋਂ ਅੱਗੇ ਕੁਝ ਨਹੀਂ ਦਿਸਦਾ ?
>
> ਤੇਰੇ ਘਰ, ਤੇਰਾ ਫਿਊਚਰ।7

ਰਿਸ਼ਤਿਆਂ ਦਾ ਆਧਾਰ ਮਨੁੱਖੀ ਮੋਹ ਅਤੇ ਫਰਜ਼ ਨਾ ਰਹਿ ਕੇ ਕੇਵਲ ਆਰਥਿਕਤਾ ਬਣ ਗਈ ਹੈ। ਪੱਛਮ ਦੇ ਵਿਕਸਿਤ ਸਮਾਜ ਨੇ ਮਨੁੱਖ ਨੂੰ ਸਭਿਆਚਾਰਕ ਮਨੁੱਖ ਨਹੀਂ ਰਹਿਣ ਦਿੱਤਾ। ਨਾਵਲ ਵਿਚ ਕੇਵਲ ਦੀ ਸਵਾਰਥੀ ਸੋਚ ਦਾ ਇੰਝ ਪ੍ਰਗਟਾਵਾ ਹੋਇਆ ਹੈ:

> ਜੇ ਰਵੀ ਮਰ ਗਿਆ ਤਾਂ ਮੈਨੂੰ ਕੋਈ ਨਫ਼ਾ ਨੁਕਸਾਨ ਨਹੀਂ ਹੋਣ ਵਾਲਾ। ਵਿਧਵਾ ਹੋਵੇਗੀ ਤਾਂ ਕਿਰਨ ਹੋਵੇਗੀ। ਹਾਂ ਪਰੀ ਦਾ ਨਫ਼ਾ ਨੁਕਸਾਨ ਉਸ ਨਾਲ ਬੱਝਾ ਹੋਇਐ। ਰਵੀ ਦੀ ਜਾਇਦਾਦ ਵਿਚੋਂ ਪ੍ਰਤਿਭਾ ਬਰਾਬਰ ਦੀ ਹਿੱਸੇਦਾਰ ਸੀ। ਜੇ ਰਵੀ ਨੇ ਵਸੀਅਤ ਕਰਾਈ ਹੋਈ ਤਾਂ ਵੀ ਪਰੀ ਦਾ ਨਾਂ ਜ਼ਰੂਰ ਹੋਵੇਗਾ। ਜੇ ਨਹੀਂ ਤਾਂ ਫਿਰ ਵੀ ਉਹ ਹਿੱਸੇਦਾਰ ਹੀ ਹੈ।8

ਮੰਦੀ ਆਰਥਿਕਤਾ ਵੀ ਰਿਸ਼ਤਿਆਂ ਵਿਚ ਦਵੰਦ ਪੈਦਾ ਕਰਦੀ ਹੈ। ਬਰਤਾਨੀਆ ਵਰਗੇ ਮੁਲਕਾਂ ਵਿਚ ਮਾਨਵੀ ਰਿਸ਼ਤੇ ਆਰਥਿਕ ਪੱਖੋਂ ਕਮਜ਼ੋਰ ਹੋਣ ਕਰਕੇ ਮਜ਼ਬੂਰੀ ਵਸ ਟੁੱਟ ਜਾਂਦੇ ਹਨ। ਨਾਵਲਕਾਰ ਨੇ ਕੈਥੀ ਅਤੇ ਤਰਸੇਮ ਦੀ ਮਾੜੀ ਆਰਥਿਕਤਾ ਕਾਰਨ ਪੈਦਾ ਹੋਏ ਦਵੰਦ ਬਾਰੇ ਇਸ ਤਰ੍ਹਾਂ ਲਿਖਿਆ ਹੈ:

> ਦਫਾ ਹੋ ਜਾ ਮੇਰੇ ਘਰੋਂ, ਆਪਣੀ ਤੀਮੀਂ ਦੀ ਬੁੱਕਲ ਵਿੱਚੋਂ ਉੱਠ ਕੇ ਐਸ਼ ਕਰਨ ਆ ਜਾਨੈ, ਜੇਬ ਵਿਚ ਤੇਰੇ ਕੋਕ ਲੈਣ ਜੋਗੇ ਪੈਸੇ ਨਹੀਂ ਹੁੰਦੇ ਘਰ ਦੇ ਕਿਸੇ ਖ਼ਰਚੇ ਦਾ ਹਿੱਸਾ ਦੇਣਾ ਤਾਂ ਦੂਰ ਦੀ ਗੱਲ ਐ।9

ਨਸਲਵਾਦ ਕਾਰਨ ਵੀ ਮਨੁੱਖੀ ਰਿਸ਼ਤਿਆਂ ਵਿਚ ਦਵੰਦ ਉਪਜਦਾ ਹੈ। ਬੀਟਰਸ ਦਾ ਵੱਡਾ ਪੱਤਰ ਡੈਨੀ ਰਵੀ ਨੂੰ ਆਪਣੇ ਘਰੋਂ ਕੱਢਣ ਲਈ ਇਹ ਸ਼ਬਦਾਵਲੀ ਵਰਤਦਾ ਹੈ:

> ਪਾਕੀ ਤੂੰ ਵੀ ਮੇਰੇ ਘਰੋਂ ਦਫਾ ਹੋ ਜਾ।10

ਮਾਨਵੀ ਰਿਸ਼ਤਿਆਂ ਨੂੰ ਸੁਹਿਰਦਤਾ ਨਾਲ ਨਿਭਾਉਣ ਵਾਸਤੇ ਉਨ੍ਹਾਂ ਵਿਚ ਪਾਕੀਜਗੀ ਤੇ ਸਪਸ਼ਟਤਾ ਬਹੁਤ ਜ਼ਰੂਰੀ ਹੈ। ਰਿਸ਼ਤੇ ਸਮਾਜਿਕ ਜੀਵਨ ਦਾ ਆਧਾਰ ਹੁੰਦੇ ਹਨ। ਮਾਨਵੀ ਰਿਸ਼ਤਿਆਂ ਦੇ ਨਾਜ਼ੁਕ ਹੋਣ ਕਰਕੇ ਮਨੁੱਖ ਨੂੰ ਕੁਝ ਪਾਬੰਦੀਆਂ ਵਿਚ ਵੀ ਰਹਿਣਾ ਪੈਦਾ ਹੈ। ਸਮਾਜਿਕ ਕਦਰਾਂ ਕੀਮਤਾਂ ਦੀ ਪਾਲਣਾ ਕਰਨੀ ਪੈਂਦੀ ਹੈ। ਵਪਾਰਕ ਨਜ਼ਰੀਏ ਅਤੇ ਉਪਯੋਗਤਾਵਾਦੀ ਸੋਚ ਨੇ ਮਨੁੱਖੀ ਰਿਸ਼ਤਿਆਂ ਨੂੰ ਖੁਦਗਰਜ਼ ਬਣਾ ਦਿੱਤਾ ਹੈ।

ਨਾਵਲ ਦੇ ਪਾਤਰਾਂ ਵਿਚ ਸਾੜਾ, ਨਫ਼ਰਤ, ਹਉਮੈ, ਕ੍ਰੋਧ, ਵਿਰੋਧ ਆਦਿ ਵੱਧ-ਘੱਟ ਮਾਤਰਾ ਵਿਚ ਪਾਏ ਗਏ ਹਨ। ਜਿਨ੍ਹਾਂ ਕਾਰਨ ਮਨੁੱਖੀ ਰਿਸ਼ਤਿਆਂ ਵਿਚ ਦਵੰਦ ਪੈਦਾ ਹੋ ਜਾਂਦਾ ਹੈ।

ਔਰਤ-ਮਰਦ ਦੇ ਰਿਸ਼ਤਿਆਂ ਵਿਚ ਤਣਾਉ ਦਾ ਪ੍ਰਮੁੱਖ ਕਾਰਨ ਘਰਵਾਲੀ ਪੰਜਾਬੀ ਔਰਤ ਦਾ ਆਰਥਿਕ ਤੌਰ ’ਤੇ ਆਤਮ ਨਿਰਭਰ ਹੋਣਾ, ਆਪਣੇ ਅਸਤਿਤਵ ਨੂੰ ਪੇਸ਼ ਸੰਕਟਾਂ ਅਤੇ ਆਪਣੇ ਹੱਕ ਲਈ ਆਵਾਜ਼ ਬੁਲੰਦ ਕਰਨਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਡਾ. ਸਿੰਘ, ਕਹਾਣੀ ਪੰਜਾਬ, ਜਨਵਰੀ-ਮਾਰਚ 2004, ਪੰਨਾ 36
2. ਹਰਜੀਤ ਅਟਵਾਲ, ਰੇਤ, ਪੰਨਾ 20
3. ਉਹੀ, ਪੰਨਾ 102
4. ਉਹੀ, ਪੰਨਾ 41
5. ਸੂਫ਼ੀ ਅਮਰਜੀਤ, ਭੂਮਿਕਾ ਤੋਂ ਕੁਝ ਵਧੇਰੇ, ਜੋਗਿੰਦਰ ਸਿੰਘ ਨਹਿਰੂ ਕਨੇਡਾ ਵਿਚ ਪੰਜਾਬੀ ਸੱਭਿਆਚਾਰ, ਪੰਨਾ 12
6. ਡਾ. ਮਾਨ ਸਿੰਘ ਢੀਂਡਸਾ, ਸੰਸਥਾਵਾਂ ਅਤੇ ਮਨੁੱਖੀ ਦੀ ਗੁੰਝਲ ਦਾ ਬਿਰਤਾਂਤ: ਰੇਤ, ਸ਼ਬਦ, ਅਪ੍ਰੈਲ-ਜੂਨ, 2003, ਪੰਨਾ 2।
7. ਹਰਜੀਤ ਅਟਵਾਲ, ਉਹੀ, ਪੰਨਾ 13
8. ਉਹੀ, ਪੰਨਾ 320
9. ਉਹੀ ਪੰਨਾ, 235
10. ਉਹੀ ਪੰਨਾ 60

*ਪੋਸਟ ਗਰੈਜੂਏਟ, ਪੰਜਾਬੀ ਵਿਭਾਗ,

ਡੀ.ਏ.ਵੀ. ਕਾਲਜ, ਅਬੋਹਰ